ਅੰਸ਼ਿਕ ਸੋਧ

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਬੰਧਤ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼
ਪੰਜਾਬ ਰਾਜ।

ਨੰ ਪਸਸਬ......1536.........ਸ.ਸ.ਕਸ ਮਿਤੀ ..27/9/22 ਐਸ.ਏ.ਐਸ.ਨਗਰ

ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ ਸਤੰਬਰ 2022 ਦੀ ਪ੍ਰੀਖਿਆ ਦੌਰਾਨ ਮਿਤੀ 28.9.2022 ਦਾ ਪੇਪਰ ਮੁਲਤਵੀ ਕਰਨ ਸਬੰਧੀ ।

ਸਹਾਇਕ ਡਾਇਰੈਕਟਰ ਐਸ.ਸੀ.ਆਰ.ਟੀ.ਪੰਜਾਬ ਤੇ ਪੱਤਰ ਮੀਮੋ ਨੰ: e-35357864/SCERT,QP/UP/2022-256575 ਮਿਤੀ 26.9.2022 ਰਾਹੀਂ ਮਿਤੀ 28.9.2022 ਨੂੰ ਸ਼ਹੀਦ ਭਗਤ ਸਿੰਘ ਜੀ ਦੇ 115 ਵੇਂ ਜਨਮ ਦਿਹਾੜੇ ਨੂੰ ਮਨਾਉਣ ਸਬੰਧੀ ਅਤੇ ਉਨਾਂ ਦੀ ਜੀਵਨੀ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵੱਖਵੱਖ ਗਤੀ ਵਿਧੀਆਂ ਕਰਵਾਈਆਂ ਜਾਣੀਆਂ ਹਨ। ਇਸ ਲਈ ਉਨਾਂ ਵੱਲੋਂ Term Exam ਦੀ ਹੋ ਰਹੀ ਪ੍ਰੀਖਿਆ ਦੀ ਡੇਟਸ਼ੀਟ ਵਿੱਚ ਤਬਦੀਲੀ ਕਰਦੇ ਹੋਏ ਮਿਤੀ 28.9.2022 ਦਾ ਪੇਪਰ ਮੁਲਤਵੀਂ ਕੀਤਾ ਗਿਆ ਹੈ।

ਮਾਨਯੋਗ ਮੁੱਖ ਮੰਤਰੀ ਦਫਤਰ ਵੱਲੋਂ ਰੱਖੇ ਗਏ ਪ੍ਰੋਗਰਾਮ ਵਿੱਚ ਕੋਈ ਵਿਘਨ ਨਾ ਪਵੇ ਇਸ ਲਈ ਦਸਵੀਂ ਅਤੇ ਬਾਰਵੀਂ ਸ੍ਰੇਣੀ ਦੀ ਮਿਤੀ 28.9.2022 ਨੂੰ ਕਰਵਾਈ ਜਾਣ ਵਾਲੀ ਪ੍ਰੀਖਿਆ ਮੁਲਤਵੀ ਕੀਤੀ ਗਈ ਹੈ। ਹੁਣ ਇਹ ਪ੍ਰੀਖਿਆ ਮਿਤੀ 4.10.2022 (ਮੰਗਲਵਾਰ ) ਨੂੰ ਕਰਵਾਈ ਜਾਵੇਗੀ।ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਮਿਤੀ 28.9.2022 ਨੂੰ ਮੁਲਤਵੀਂ ਕੀਤੇ ਗਏ ਪੇਪਰਾਂ ਦੇ ਪ੍ਰਸ਼ਨ ਪੱਤਰ ਮਿਤੀ 4.10.2022 ਨੂੰ ਬੈਂਕਾਂ ਤੋਂ ਪ੍ਰਾਪਤ ਕਰਨ ।ਸਮੂਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 28.9.2022 ਨੂੰ ਨਾਂ ਤਾਂ ਬੈਂਕਾਂ ਤੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਅਤੇ ਨਾਂ ਹੀ ਇਸ ਮਿਤੀ ਨੂੰ ਪ੍ਰਸ਼ਨ ਪੱਤਰਾਂ ਦਾ ਪੈਕਟ ਖੋਲਿਆ ਜਾਵੇ।

ਸਹੀ/-
ਉਪ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:-1 ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ।

2. ਮੈਨੇਜਰ , ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਲੇ ਨਾਲ ਸਬੰਧਤ ਪ੍ਰੀਖਿਆ ਕੇਂਦਰਾਂ ਦੇ ਮੁੱਖੀਆਂ ਨੂੰ ਫੋਨ ਰਾਹੀਂ ਸੂਚਿਤ ਕੀਤਾ ਜਾਵੇ ਕਿ ਮਿਤੀ 28.9.2022 ਨੂੰ ਨਾਂ ਤਾਂ ਬੈਕ ਤੋਂ ਪ੍ਰਸ਼ਨ ਪੱਤਰ ਪ੍ਰਾਪਤ ਕੀਤੇ ਜਾਣ ਅਤੇ ਨਾਂ ਹੀ ਇਸ ਮਿਤੀ ਨੂੰ ਪ੍ਰਸ਼ਨ ਪੱਤਰਾਂ ਦਾ ਪੈਕਟ ਖੋਲਿਆ ਜਾਵੇ।

ਨੋਟ:-ਉਪ ਸਕੱਤਰ (ਪਪਅ) ਮੈਨੇਜਰ ਖੇਤਰੀ ਦਫਤਰਾਂ ਨੂੰ ਹਦਾਇਤ ਕਰਨ ਕਿ ਉਹ ਉਕਤ ਹੁਕਮਾਂ ਦੀ ਤੁਰੰਤ ਇੰਨਬਿੰਨ ਪਾਲਣਾ ਕਰਨਾਂ ਯਕੀਨੀ ਬਣਾਉਣ।

27/09/22
ਉਪ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ